ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 21 ਸਤੰਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਆਗਮਨ-ਪੁਰਬ ਦੇ ਤੀਜੇ ਦਿਨ ਟਿੱਲਾ ਬਾਬਾ ਫ਼ਰੀਦ ਵਿਖੇ ਸ੍ਰੀ ਅਖੰਡ ਪਾਠ ਹੋਏ ਅਰੰਭ

23 ਸਤੰਬਰ ਨੂੰ ਪਾਠ ਦੇ ਭੋਗ ਉਪਰੰਤ ਇੱਕ ਵਿਸ਼ਾਲ ਨਗਰ-ਕੀਰਤਨ ਸਜਾਇਆ ਜਾਵੇਗਾ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾ

ਫਰੀਦਕੋਟ 21 ਸਤੰਬਰ : ਬਾਬਾ ਫਰੀਦ ਜੀ ਆਗਮਨ-ਪੁਰਬ 2025 ਦੇ ਸਮਾਗਮਾਂ ਦੇ ਤੀਜੇ ਦਿਨ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ। ਬਾਬਾ ਫ਼ਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਦੀ ਰਹਿਨੁਮਾਈ ਹੇਠ ਸੰਗਤਾਂ ਦੀ ਹਾਜ਼ਰੀ ਵਿੱਚ ਗੁਰੂਦੁਆਰਾ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਏ। ਜਿਨ੍ਹਾਂ ਦੇ ਭੋਗ ਬਾਬਾ ਫ਼ਰੀਦ ਆਗਮਨ-ਪੁਰਬ 2025 ਦੇ ਆਖ਼ਰੀ ਦਿਨ 23 ਸਤੰਬਰ, ਦਿਨ ਮੰਗਲਵਾਰ ਨੂੰ ਸਵੇਰੇ 9 ਵਜੇ ਪਾਏ ਜਾਣਗੇ । ਉਪਰੰਤ ਗੁ ਟਿੱਲਾ ਬਾਬਾ ਫ਼ਰੀਦ ਤੋਂ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਦੀ ਸਮਾਪਤੀ ਗੁ ਗੋਦੜੀ ਸਾਹਿਬ ਵਿਖੇ ਜਾ ਕੇ ਹੋਵੇਗੀ ।

ਜਾਣੋ ਵਹਿਮ ਭਰਮ ਕਿਵੇਂ ਬਣਦੇ ਹਨ –ਤਰਕਸ਼ੀਲ

ਵਹਿਮਾਂ ਭਰਮਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੇ ਚਾਨਣ ਵਿੱਚ ਆਉਣ ਲਈ -ਦੇਵ ਪੁਰਸ਼ ਹਾਰ ਗਏ ਕਿਤਾਬ ਜ਼ਰੂਰ ਪੜ੍ਹੋ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸਾਡੇ ਸਮਾਜ ਅੰਦਰ ਵਿਅਕਤੀ ਦੇ ਜਨਮ ਤੋਂ ਮਰਨ ਤੱਕ ਅੰਧਵਿਸ਼ਵਾਸ਼ , ਵਹਿਮਾਂ ਭਰਮਾਂ ਦਾ ਬੋਲਬਾਲਾ ਹੈ।ਇਕ ਕਹਾਣੀ ਰਾਹੀ ਸਮਝਦੇ ਹਾਂ ਕਿ ਇਹ ਵਹਿਮ ਭਰਮ ਕਿਵੇਂ ਬਣਦੇ ਹਨ।

ਇੱਕ ਔਰਤ ਦੇ ਬੱਚਾ ਪੈਦਾ ਹੋਣ ਵਾਲਾ ਸੀ,ਉਸ ਦੀ ਸੱਸ ਉਸਦਾ ਹਸਪਤਾਲ ਵਿੱਚ ਜਣੇਪਾ ਕਰਵਾਉਣ ਵਾਸਤੇ ਲਿਜਾਣ ਲਈ ਲੜਕੇ ਨੂੰ ਉਡੀਕ ਰਹੀ ਸੀ,ਜੇ ਗੱਡੀ ਲੈਣ ਗਿਆ ਸੀ ।ਲੜਕਾ ਗੱਡੀ ਲੈ ਕੇ ਆ ਗਿਆ ਤਾਂ ਉਸ ਸਮੇਂ ਉਸਦੀ ਪਤਨੀ ਵਿਹੜੇ ਵਿੱਚ ਖੜੀ ਸੀ,ਵਿਹੜੇ ਵਿੱਚ ਕੋਠੇ ਉਪਰ ਕੱਪੜੇ ਪਾਉਣ ਵਾਲੀ ਤਾਰ ਉਪਰ ਬੈਠੇ ਕਾਂ ਨੇ ਉਸ ਉਤੇ ਵਿੰਠ ਕਰ ਦਿੱਤੀ ਤਾਂ ਸੱਸ ਕਹਿਣ ਲੱਗੀ, 'ਬਦਸ਼ਗਨ ਹੋ ਗਿਆ ਹੈ,ਹੁਣ ਜ਼ਰੂਰ ਕੁੜੀ ਹੋਵੇਗੀ। ' ਲੜਕਾ ਕਹਿਣ ਲੱਗਾ, 'ਮਾਂ,ਇਹੋ ਜਿਹੇ ਵਹਿਮ ਨਹੀ ਕਰੀਦੇ।' ਹਸਪਤਾਲ ਪਹੁੰਚਣ ਤੇ ਔਰਤ ਨੇ ਲੜਕੇ ਨੂੰ ਜਨਮ ਦਿੱਤਾ।ਲੜਕਾ ਆਪਣੀ ਮਾਂ ਨੂੰ ਕਹਿਣ ਲੱਗਾ, 'ਮਾਂ,ਮੈਂ ਤੈਨੂੰ ਆਖਿਆ ਸੀ ਇਹੋ ਜਿਹੇ ਵਹਿਮ ਭਰਮ ਨਹੀ ਕਰੀਦੇ,ਹੁਣ ਲੜਕਾ ਹੋਇਆ,ਆਈ ਕੋਈ ਸਮਝ।'

ਮਾਂ ਕਹਿੰਦੀ "ਹਾਂ ਪੁੱਤ,ਹੁਣ ਮੈਨੂੰ ਆਈ ਸਮਝ, ਜਦੋਂ ਕੋਈ ਕਾਂ ਜਣੇਪੇ ਵਾਲੀ ਔਰਤ ਉੱਪਰ ਵਿੰਠ ਕਰ ਦੇਵੇ ਤਾਂ ਲੜਕਾ ਪੈਦਾ ਹੁੰਦਾ ਹੈ,ਅਗਲੀ ਵਾਰ ਵੀ ਮੈਂ ਆਪਣੀ ਨੂੰਹ ਉਪਰ ਕਾਂ ਦੀ ਵਿੰਠ ਕਰਵਾ ਕੇ ਉਸ ਨੂੰ ਹਸਪਤਾਲ ਲਿਆਉਣ ਦੀ ਕੋਸ਼ਿਸ਼ ਕਰਾਂਗੀ।"

ਲੜਕਾ ਸੋਚਣ ਲੱਗਾ ਮਾਂ ਨੂੰ ਸਮਝ ਆਵੇ ਜਾਂ ਨਾ, ਪਰ ਮੈਨੂੰ ਇਹ ਸਮਝ ਆ ਗਈ ਹੈ ਕਿ ਵਹਿਮ ਭਰਮ ਕਿਵੇਂ ਬਣਦੇ ਹਨ।ਇਸ ਤਰ੍ਹਾਂ ਅਨੇਕਾਂ ਵਹਿਮ- ਭਰਮ ਅਗਿਆਨਤਾ ਤੇ ਡਰ ਵਿੱਚੋਂ ਸਮਾਜ ਵਿੱਚ ਉਪਜਦੇ ਹਨ: ਜਿਵੇਂ ਨਜ਼ਰ ਲੱਗਣ,ਛਿੱਕ ਮਾਰਨ, ਬਿੱਲੀ ਦੇ ਰਸਤਾ ਕੱਟਣਾ,ਅੱਖ ਫਰਕਣ, ਹੱਥਾਂ ਤੇ ਖਾਰਸ਼ ਹੋਣ, ਮਨੋਕਲਪਿਤ ਭੂਤਾਂ -ਪ੍ਰੇਤਾਂ ਸੰਬੰਧੀ। ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੋਂ ਨਿਕਲਣ ਲਈ ਤੇ ਵਿਗਿਆਨਕ ਸੋਚ ਦੇ ਧਾਰਨੀ ਬਣਨ ਲਈ ਡਾਕਟਰ ਇਬਰਾਹੀਮ ਟੀ ਕਾਵੂਰ ਦੀਆਂ ਲਿਖੀਆਂ ਤੇ ਪੰਜਾਬੀ ਵਿੱਚ ਅਨੁਵਾਦਿਕ: ਦੇਵ ਪੁਰਸ਼ ਹਾਰ ਗਏ ਤੇ ਦੇਵ ਦੈਂਤ ਤੇ ਰੂਹਾਂ ਕਿਤਾਬਾਂ ਪੜ੍ਹਨ ਦੀ ਲੋੜ ਹੈ।ਉਨਾਂ ਦੇ ਕਦਮਾਂ ਤੇ ਚਲਦੇ ਪੰਜਾਬ ਦੇ ਤਰਕਸ਼ੀਲਾਂ ਨੇ ਹਜ਼ਾਰਾਂ ਕੇਸ ਹਲ ਕੀਤੇ ਜਿਵੇਂ ਘਰਾਂ ਵਿੱਚ ਅਚਾਨਕ ਕਪੜਿਆਂ ਨੂੰ ਅੱਗ ਲਗਣ ਜਾਂ ਕੱਟੇ ਜਾਣਾ,ਖੂਨ ਦੇ ਛਿੱਟੇ ਵਜਣੇ,ਇੱਟਾਂ ਰੋੜੇ ਡਿੱਗਣ,ਰੁੱਖਾਂ ਵਿਚੋਂ ਦੁੱਧ ਸਿੰਮਣ,ਮੂਰਤੀਆਂ ਦਾ ਦੁੱਧ ਪੀਣ,ਗੁੱਤਾਂ ਜਾਂ ਵਾਲ ਕਟੇ ਜਾਣਾ, ਭੂਤ ਪ੍ਰੇਤ ਚੰਬੜਨਾ/ਵਿਖਾਈ ਦੇਣਾ ਆਦਿ। ਡਾਕਟਰ ਕਾਵੂਰ ਨੇ 1974 ਵਿੱਚ ਆਪਣੀ ਪਤਨੀ ਸ੍ਰੀ ਮਤੀ ਅੱਕਾ ਕਾਵੂਰ ਤੇ ਆਪਣਾ ਮ੍ਰਿਤਕ ਸਰੀਰ ਡਾਕਟਰੀ ਖੋਜਾਂ ਵਾਸਤੇ ਮੈਡੀਕਲ ਕਾਲਜ ਨੂੰ ਦਿੱਤਾ।ਪੰਜਾਬ ਦੇ ਤਰਕਸ਼ੀਲਾਂ ਨੇ ਇਸ ਪਿਰਤ ਨੂੰ ਅੱਗੇ ਵਧਾਇਆ ਹੈ। ਸੈਂਕੜੇ ਲੋਕਾਂ ਵੱਲੋਂ ਅੱਖਾਂ ਦਾਨ,ਅੰਗਦਾਨ ਤੇ ਸਰੀਰਦਾਨ ਕੀਤੇ ਜਾ ਚੁੱਕੇ ਹਨ।ਉਨਾਂ ਦੇ ਵਿਚਾਰ ਹਮੇਸ਼ਾਂ ਸਾਡਾ ਮਾਰਗ ਦਰਸ਼ਨ ਕਰਦੇ ਰਹਿਣਗੇ। ਜੇ ਜ਼ਿੰਦਗੀ ਦਾ ਸਾਫ਼ ਰਸਤਾ ਪੁੱਛਦੇ ਹੋ ਤਾਂ ਕਦੇ ਭੀੜ ਮਗਰ ਨਾ ਜਾਓ, ਭੀੜਾਂ ਕਦੇ ਸਿਆਣੀਆਂ ਨਹੀਂ ਹੁੰਦੀਆਂ ਤੇ ਅਕਸਰ ਸਿਆਣਿਆਂ ਦੀ ਕਦੇ ਭੀੜ ਨਹੀਂ ਹੁੰਦੀ ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਚੈੱਕ ਵੰਡੇ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾ

ਫਰੀਦਕੋਟ 21 ਸਤੰਬਰ : ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਐਸ.ਪੀ ਸਿੰਘ ਉਬਰਾਏ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਕਾਈ ਫ਼ਰੀਦਕੋਟ ਦੇ ਕਸਬਾ ਬਰਗਾੜੀ ਵਿਖੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਡਾਕਟਰ ਬਲਵਿੰਦਰ ਸਿੰਘ ਬਰਗਾੜੀ ਦੀ ਅਗਵਾਈ ਹੇਠ ਲੋੜਵੰਦ ਪਰਿਵਾਰਾਂ ਲਈ ਭੇਜੇ ਮਹੀਨਾਵਾਰ ਪੈਨਸ਼ਨ ਦੇ ਚੈੱਕ ਅਲਾਇੰਸ ਕਲੱਬ ਬਰਗਾੜੀ ਦੇ ਪ੍ਰਧਾਨ ਡਾ. ਬਲਵਿੰਦਰ ਸਿੰਘ ਸਿਵੀਆਂ ਉਨ੍ਹਾਂ ਦੇ ਨਾਲ ਅਜੈਪਾਲ ਸਿੰਘ, ਚੇਅਰਮੈਨ ਸੁਖਜੰਤ ਸਿੰਘ ਸਦਿਉੜਾ ਸਤਿੰਦਰ ਸਿੰਘ ਪੱਪੂ ਢਿੱਲੋਂ, ਗੁਰਸੇਵਕ ਬਰਗਾੜੀ ਆਦਿ ਨੇ ਜ਼ਰੂਰਤਮੰਦ ਬੇਸਾਹਾਰਾ ਵਿਅਕਤੀਆਂ ਨੂੰ ਸਰਬੱਤ ਦਾ ਭਲਾ ਟਰੱਸਟ ਦੇ ਬਾਨੀ ਐਸ.ਪੀ. ਉਬਰਾਏ ਵੱਲੋਂ ਭੇਜੇ ਗਏ ਚੈੱਕ ਵੰਡੇ ਗਏ। ਚੈੱਕ ਪ੍ਰਾਪਤ ਕਰਨ ਤੋਂ ਬਾਅਦ ਬੇਸਾਹਾਰਾ ਗਰੀਬ ਵਿਅਕਤੀਆਂ ਨੇ ਐਸ ਪੀ ਉਬਰਾਏ ਅਤੇ ਅਲਾਇੰਸ ਸੰਸਥਾਂ ਦਾ ਧੰਨਵਾਦ ਕੀਤਾ।

ਹੁਲਾਰੇ ਹੁਲੇ

ਸੱਜਣਾ ਤੈਨੂੰ ਵੀ, ਹੁਣ ਕਿਸ ਗੱਲ ਦੇ, ਦੇਈਏ ਤਾਹਨੇ ਮਿਹਣੇ
ਨਾਜ਼-ਨਖ਼ਰੇ, ਸ਼ੋਖ-ਅਦਾਵਾਂ, ਇਸ ਦਿਲ ਨੂੰ, ਝੱਲਣੇ ਪੈਣੇ
ਅੱਖੀਆਂ ਲਈ ਚਾਨਣ, ਕੰਨਾਂ ਲਈ ਤੂੰ ਮਿਠਾਸ ਜਿਹਾ ਏਂ
ਅਸੀਂ ਤੇਰੇ ਲਈ ਆਮ ਜਿਹੇ, ਸਾਡੇ ਲਈ ਤੂੰ ਖ਼ਾਸ ਜਿਹਾ ਏਂ
ਗੱਲ ਸੁਣ ਮੇਰੀ, ਇੱਕ ਛੋਟਾ ਜਿਹਾ ਅਹਿਸਾਨ ਕਰ ਦੇਵੀਂ
ਤੇਰੇ ਲਈ, ਸਾਡੇ ਵੀ ਮਾਇਨੇ, ਬਸ ਇੰਨੀ ਹਾਮੀ ਭਰ ਦੇਵੀਂ
ਜਿਹੜਾ ਬੁੱਕਲ ਵਿੱਚ ਵੀ ਨਾ ਆਵੇ, ਤੂੰ ਉਸ ਅਕਾਸ਼ ਜਿਹਾ ਏਂ
ਅਸੀਂ ਤੇਰੇ ਲਈ ਆਮ ਜਿਹੇ, ਸਾਡੇ ਲਈ ਤੂੰ ਖ਼ਾਸ ਜਿਹਾ ਏਂ
ਮੰਨਿਆ ਤੇਰੀ ਵੀ ਮਜ਼ਬੂਰੀ ਏ, ਤਾਹੀਓਂ ਤਾਂ, ਇਹ ਦੂਰੀ ਏ
ਸਾਨੂੰ ਚਾਅ ਚੜ੍ਹ ਜਾਵੇ, ਜਦ ਵੀ ਦੇਖਿਆ, ਵੱਟ ਕੇ ਘੂਰੀ ਏ
ਮੁਰਝਾ ਰਹੇ ਫੁੱਲ ਲਈ ,ਮੁੜ ਖਿਲ ਜਾਣ ਦੀ, ਆਸ ਜਿਹਾ ਏਂ
ਅਸੀਂ ਤੇਰੇ ਲਈ ਆਮ ਜਿਹੇ, ਸਾਡੇ ਲਈ ਤੂੰ ਖ਼ਾਸ ਜਿਹਾ ਏਂ
ਤੇਰੀ ਚਾਹਤ, ਦਿਲ ਲਈ ਰਾਹਤ, ਗੱਲ ਏਨੀ ਹੀ ਬਥੇਰੀ ਏ
ਤੇਰੇ ਲਈ ਅਜ਼ਾਦੀ ਵਰਗੀ, ਸਾਡੇ ਲਈ ਤਾਂ ਘੁੰਮਣਘੇਰੀ ਏ
ਹੋ ਕੇ ਫ਼ੇਲ ਵੀ, ਅਹਿਸਾਸ ਸਾਡੇ ਲਈ ਤੂੰ ਪਾਸ ਹੋਣ ਜਿਹਾ ਏਂ
ਅਸੀਂ ਤੇਰੇ ਲਈ ਆਮ ਜਿਹੇ, ਸਾਡੇ ਲਈ ਤੂੰ ਖ਼ਾਸ ਜਿਹਾ ਏਂ
ਖਿਆਲਾਂ ਤੇਰੇ ਦੀ ਮਸਤੀ, ਸਾਨੂੰ ਦੇਵੇ ਖੁਸ਼ੀਆਂ ਭਰੇ ਹੁਲਾਰੇ
ਲੱਗੇ ਸੋਹਣੀ ਦੁਨੀਆਂ, ਜਦ ਅੱਖੀਆਂ ਨਾਲ ਕਰੇਂ ਇਸ਼ਾਰੇ
ਪਿਆਸੇ ਬੁੱਲ੍ਹਾਂ ਦੀ ,ਸਦੀਆਂ ਤੋਂ ਬੁਝ ਗਈ ਪਿਆਸ ਜਿਹਾ ਏਂ
ਅਸੀਂ ਤੇਰੇ ਲਈ ਆਮ ਜਿਹੇ, ਸਾਡੇ ਲਈ ਤੂੰ ਖ਼ਾਸ ਜਿਹਾ ਏਂ।

ਵਰਲਡ ਪੰਜਾਬੀ ਟਾਈਮਜ਼ ਪਰਸ਼ੋਤਮ ਸਿੰਘ

ਸੀਪੀਆਈ ਦੀ ਮੋਹਾਲੀ ਰੈਲੀ ਵਿੱਚ ਸ਼ਾਮਿਲ ਹੋਣ ਲਈ ਜ਼ਿਲਾ ਫਰੀਦਕੋਟ ਤੋਂ ਵਿਸ਼ਾਲ ਜੱਥਾ ਹੋਇਆ ਰਵਾਨਾ

ਪਾਰਟੀ ਮਹਾਂ ਸੰਮੇਲਨ ਦੇ ਪਹਿਲੇ ਦਿਨ ਹੋ ਰਹੀ ਮੋਹਾਲੀ ਰੈਲੀ ਲੋਕ ਮਸਲਿਆਂ ਤੇ ਸੰਘਰਸ਼ਾਂ ਦਾ ਨਵਾਂ ਮੁੱਢ ਬੰਨ੍ਹੇਗੀ "- ਅਸ਼ੋਕ ਕੌਸ਼ਲ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾ

ਫਰੀਦਕੋਟ, 21 ਸਤੰਬਰ : "ਸੀਪੀਆਈ ਦੇ 25ਵੇਂ ਕੌਮੀ ਮਹਾਂ ਸੰਮੇਲਨ ਦੇ ਪਹਿਲੇ ਦਿਨ ਅੱਜ ਮੋਹਾਲੀ ਦੇ ਫੇਜ 11 ਦੀ ਸਬਜ਼ੀ ਮੰਡੀ ਵਿੱਚ ਹੋ ਰਹੀ ਵਿਸ਼ਾਲ ਰੈਲੀ ਦੇਸ਼ ਦੇ ਸੰਵਿਧਾਨ, ਲੋਕਤੰਤਰ, ਧਰਮ ਨਿਰਪੱਖਤਾ ਅਤੇ ਦੇਸ਼ ਦੀ ਆਰਥਿਕ ਅਜ਼ਾਦੀ ਦੀ ਰਾਖੀ ਕਰਨ ਦੇ ਨਾਲ ਨਾਲ ਪਬਲਿਕ ਸੈਕਟਰ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਖਿਲਾਫ਼ ਸੰਘਰਸ਼ਾਂ ਦਾ ਮੁੱਢ ਬੰਨ੍ਹਣ ਵਾਲੀ ਸਾਬਤ ਹੋਵੇਗੀ ।" ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਜਿਲਾ ਫਰੀਦਕੋਟ ਦੇ ਸਕੱਤਰ ਅਸ਼ੋਕ

ਕੌਸ਼ਲ ਨੇ ਅੱਜ ਜ਼ਿਲਾ ਫਰੀਦਕੋਟ ਤੋ ਵੱਡਾ ਜੱਥਾ ਰਵਾਨਾ ਕਰਨ ਮੌਕੇ ਕੀਤਾ। ਇਸ ਮੌਕੇ ਉੱਨਾਂ ਨਾਲ ਪੰਜਾਬ ਪੈਨਸ਼ਨਰ ਯੂਨੀਅਨ ਏਟਕ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਗੁਰਚਰਨ ਸਿੰਘ ਮਾਨ, ਸੁਖਚੈਨ ਸਿੰਘ ਥਾਂਦੇਵਾਲਾ , ਆਲ ਇੰਡੀਆ ਆਸ਼ਾ ਵਰਕਰਜ ਯੂਨੀਅਨ ਏਟਕ ਦੀ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਨਰੇਗਾ ਮਜ਼ਦੂਰ ਯੂਨੀਅਨ ਦੇ ਸੀਨੀਅਰ ਆਗੂ ਵੀਰ ਸਿੰਘ ਕੰਮੇਆਣਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲਾ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਸਰਪੰਚ, ਬੋਹੜ ਸਿੰਘ ਔਲਖ, ਦਰਸ਼ਨ ਸਿੰਘ ਜਿਉਣਵਾਲਾ, ਨੱਥਾ ਸਿੰਘ ਅਰਾਈਆਂਵਾਲਾ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਸੁਖਪ੍ਰੀਤ ਕੌਰ ਤੇ ਕੁਲਦੀਪ ਕੌਰ ਆਗੂ ਮਿਡ ਡੇਅ ਮੀਲ ਵਰਕਰ ਯੂਨੀਅਨ, ਦਰਜਾ ਚਾਰ ਮੁਲਾਜ਼ਮ ਯੂਨੀਅਨ ਦੇ ਜਨਰਲ ਸਕੱਤਰ ਬਲਕਾਰ ਸਿੰਘ ਸਹੇਤਾ, ਬਾਬਾ ਫ਼ਰੀਦ ਯੂਨੀਵਰਸਿਟੀ ਦੇ ਮੁਲਾਜ਼ਮ ਆਗੂ ਸ਼ਿਵ ਨਾਥ ਦਰਦੀ, ਪੈਨਸ਼ਨਰ ਯੂਨੀਅਨ ਦੇ ਆਗੂ ਸੋਮ ਨਾਥ ਅਰੋੜਾ, ਬਿਜਲੀ ਨਿਗਮ ਦੇ ਪੈਨਸ਼ਨਰ ਆਗੂ ਇੰਦਰਜੀਤ ਸਿੰਘ ਗਿੱਲ ਅਤੇ ਰਮੇਸ਼ ਕੌਸ਼ਲ, ਕਾਮਰੇਡ ਤਰਸੇਮ ਸਿੰਘ ਭਾਣਾ, ਕਾਮਰੇਡ ਮੁਖਤਿਆਰ ਸਿੰਘ ਭਾਣਾ, ਚਰਨਜੀਤ ਸਿੰਘ ਚੰਮੇਲੀ, ਨਾਇਬ ਸਿੰਘ ਘਣੀਏਵਾਲਾ, ਚਮਕੌਰ ਸਿੰਘ ਕੇਟ ਸੁੱਖੀਆਂ ਗੇਰਾ ਪਿਪਲੀ, ਪਪੀ ਢਿਲਵਾਂ, ਰਾਮ ਸਿੰਘ ਚੈਨਾ , ਜਸਵੰਤ ਸਿੰਘ ਨਿੱਕਾ ਔਲਖ ਅਤੇ ਮਨਜੀਤ ਕੌਰ ਆਦਿ ਸ਼ਾਮਿਲ ਹੋਣ ਲਈ ਰਵਾਨਾ ਹੋਏ ।

ਬਾਬਾ ਫ਼ਰੀਦ ਆਗਮਨ ਪੁਰਬ ਨੂੰ ਸਮਰਪਿਤ 30ਵਾਂ ਬਾਸਕਟਬਾਲ ਕੱਪ ਫ਼ਰੀਦਕੋਟ ਵਿੱਚ ਉਤਸ਼ਾਹਪੂਰਵਕ ਜਾਰੀ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾ

ਫ਼ਰੀਦਕੋਟ, 21 ਸਤੰਬਰ : ਬਾਬਾ ਫ਼ਰੀਦ ਆਗਮਨ ਪੁਰਬ ਨੂੰ ਸਮਰਪਿਤ 30ਵਾਂ ਬਾਸਕਟਬਾਲ ਕੱਪ ਫ਼ਰੀਦਕੋਟ ਵਿੱਚ ਉਤਸ਼ਾਹਪੂਰਵਕ ਜਾਰੀ ਹੈ। ਕੱਲ ਦਿਨ ਭਰ ਖੇਡੇ ਗਏ ਰੋਮਾਂਚਕ ਮੈਚਾਂ ਵਿੱਚ ਖਿਡਾਰੀਆਂ ਨੇ ਸ਼ਾਨਦਾਰ ਖੇਡ ਅਤੇ ਜੋਸ਼ ਭਰਪੂਰ ਪ੍ਰਦਰਸ਼ਨ ਕੀਤਾ। ਇਸ ਮੌਕੇ ਉੱਤੇ ਵਿਧਾਇਕ ਫ਼ਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਐੱਸ ਐੱਸ ਪੀ ਫ਼ਰੀਦਕੋਟ ਡਾ. ਪ੍ਰੱਗਿਆ ਜੈਨ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਇਸ ਮੌਕੇ ਅਪਣੇ ਸੰਬੋਧਨ ਵਿਚ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਖਿਡਾਰੀਆਂ ਨੂੰ ਟੀਮ ਵਰਕ, ਮਿਹਨਤ ਅਤੇ ਖੇਡਾਂ ਪ੍ਰਤੀ ਜੁਨੂਨ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ ਅਤੇ ਕੱਪ ਦੇ ਸਫਲ ਆਯੋਜਨ ਲਈ ਪ੍ਰਸ਼ਾਸਨ ਅਤੇ ਖੇਡ ਪ੍ਰੇਮੀਆਂ ਦੀ ਪ੍ਰਸ਼ੰਸਾ ਕੀਤੀ।

ਬੀਤੀ ਕੱਲ ਹੋਏ ਮੁਕਾਬਲਿਆਂ ਵਿੱਚ ਲੁਧਿਆਣਾ ਅਕੈਡਮੀ ਨੇ ਮੈਟ੍ਰੋ ਕੋਲਕਾਤਾ ਨੂੰ 71-44 ਨਾਲ ਹਰਾਇਆ, ਅੰਮ੍ਰਿਤਸਰ ਦੀ ਲੜਕੀਆਂ ਦੀ ਟੀਮ ਫ਼ਰੀਦਕੋਟ (ਲੜਕੀਆਂ) ਨੂੰ 33-32 ਨਾਲ ਹਰਾਉਣ ਵਿੱਚ ਸਫਲ ਰਹੀ। ਐਨ. ਡਬਲਯੂ ਰੇਲਵੇ ਨੇ ਚੰਡੀਗੜ੍ਹ ਯੂਨੀਵਰਸਿਟੀ (ਲੜਕੀਆਂ) ਨੂੰ 51-45 ਨਾਲ ਹਰਾਇਆ, ਫ਼ਰੀਦਕੋਟ ਨੇ ਆਰਮੀ ਟੀਮ ਨੂੰ 86-81 ਨਾਲ ਹਰਾਇਆ। ਨਾਰਦਨ ਰੇਲਵੇ ਦੀ ਲੜਕੀਆਂ ਦੀ ਟੀਮ ਲਵਲੀ ਯੂਨੀਵਰਸਿਟੀ ਨੂੰ 62-36 ਨਾਲ ਹਰਾਉਣ ਵਿੱਚ ਸਫਲ ਰਹੀ, ਹੁਸ਼ਿਆਰਪੁਰ ਦੀ ਨੌਰਥ-ਈਸਟ ਰੇਲਵੇ ਲੜਕੀਆਂ ਦੀ ਟੀਮ 60-33 ਨਾਲ ਜੇਤੂ ਰਹੀ ਅਤੇ ਜਲੰਧਰ ਦੀ ਟੀਮ ਨੇ ਬੀ.ਐੱਸ.ਐਫ ਨੂੰ 69-38 ਨਾਲ ਹਰਾਇਆ।

ਇਸ ਮੌਕੇ ਮੈਡਮ ਬੇਅੰਤ ਕੌਰ,, ਚੇਅਰਮੈਨ ਮਾਰਕੀਟ ਕਮੇਟੀ ਸ ਅਮਨਦੀਪ ਸਿੰਘ ਬਾਬਾ, ਐੱਸ ਪੀ ਮਨਮਿੰਦਰ ਸਿੰਘ, ਡੀ.ਐੱਸ.ਪੀ ਤਰਲੋਚਨ ਸਿੰਘ, ਮਾਸਟਰ ਅਮਰਦੀਪ ਸਿੰਘ ਪਰਮਾਰ, ਜਗਮੋਹਨ ਸਿੰਘ ਲਕੀ, ਗੁਰਪ੍ਰੀਤ ਸਿੰਘ ਧਾਲੀਵਾਲ ਅਤੇ ਹੋਰ ਹਾਜ਼ਰ ਸਨ।

ਬਾਬਾ ਫ਼ਰੀਦ ਆਗਮਨ-ਪੁਰਬ ਦੀ ਦੂਜੀ ਸ਼ਾਮ ਰੂਹਾਨੀ ਕਥਾ ਅਤੇ ਕੀਰਤਨ ਸਮਾਗਮ ਕਰਵਾਏ ਗਏ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 21 ਸਤੰਬਰ : ਬਾਬਾ ਫਰੀਦ ਆਗਮਨ-ਪੁਰਬ 2025 ਦੇ ਸਮਾਗਮ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਅਤੇ